Toronto District School Board

21 ਦਸੰਬਰ, 2020

ਪਿਆਰੇ ਮਾਤਾ-ਪਿਤਾ/ਸਰਪ੍ਰਸਤੋ ਅਤੇ ਵਿਦਿਆਰਥਿਓ,

ਅੱਜ ਓਨਟੈਰਿਓ ਸਰਕਾਰ ਨੇ ਘੋਸ਼ਣਾ ਕੀਤੀ ਕਿ ਕੋਵਿਡ-19 ਦੇ ਫੈਲਾਅ ਨੂੰ ਹੌਲੀ ਕਰਨ ਲਈ ਸੂਬਾ ਸ਼ਨੀਵਾਰ, 26 ਦਸੰਬਰ ਨੂੰ ਗ੍ਰੇ (ਲੌਕਡਾਉਨ) ਜ਼ੋਨ ਵਿੱਚ ਜਾ ਰਿਹਾ ਹੈ। ਟੋਰੋਂਟੋ ਅਤੇ ਬਾਕੀ ਦਾ ਦੱਖਣੀ ਓਨਟੈਰਿਓ ਵਿੱਚ, ਲੌਕਡਾਉਨ 28 ਦਿਨਾਂ ਵਾਸਤੇ ਲਾਗੂ ਰਹੇਗਾ। ਇਸ ਘੋਸ਼ਣਾ ਦੇ ਹਿੱਸੇ ਵਜੋਂ, ਸਰਕਾਰ ਨੇ ਕਿਹਾ ਹੈ ਕਿ **ਦੱਖਣੀ ਓਨਟੈਰਿਓ ਵਿੱਚ ਸਾਰੇ ਐਲੀਮੈਂਟਰੀ ਸਕੂਲ, ਜਿਸ ਵਿੱਚ ਟੀਡੀਐਸਬੀ ਵਿਚਲੇ ਸਕੂਲ ਸ਼ਾਮਲ ਹਨ, ਸੋਮਵਾਰ, 11 ਜਨਵਰੀ ਤੱਕ ਵਿਦਿਆਰਥੀਆਂ ਲਈ ਬੰਦ ਰਹਿਣਗੇ, ਜਦ ਕਿ ਸਾਰੇ ਸੈਕੰਡਰੀ ਸਕੂਲ ਸੋਮਵਾਰ, 25 ਜਨਵਰੀ ਤੱਕ ਵਿਦਿਆਰਥੀਆਂ ਲਈ ਬੰਦ ਰਹਿਣਗੇ।** ਇਸ ਸਮੇਂ ਦੌਰਾਨ, ਸਾਰੇ ਇਨ-ਪਰਸਨ ਸਕੂਲ ਰਿਮੋਟ ਲਰਨਿੰਗ ਤੇ ਸ਼ਿਫਟ ਹੋ ਜਾਣਗੇ, ਜਦ ਕਿ ਵਰਚੂਅਲ ਸਕੂਲ ਆਮ ਵਾਂਗ ਜਾਰੀ ਰਹਿਣਗੇ।

ਕਿਰਪਾ ਕਰਕੇ ਹੇਠਾਂ ਟੀਡੀਐਸਬੀ ਸਕੂਲਾਂ ਵਿੱਚ ਰਿਮੋਟ ਲਰਨਿੰਗ ਤੇ ਇਸ ਸ਼ਿਫਟ ਬਾਰੇ ਵਾਧੂ ਜਾਣਕਾਰੀ ਪ੍ਰਾਪਤ ਕਰੋ।

## ਐਲੀਮੈਂਟਰੀ ਸਕੂਲ

**ਇਨ-ਪਰਸਨ ਸਕੂਲ:** ਵਿਦਿਆਰਥੀ ਆਪਣੇ ਘਰ ਤੋਂ ਉਨ੍ਹਾਂ ਦੇ ਨਿਯਮਿਤ ਸਕੂਲ ਅਧਿਆਪਕ ਦੁਆਰਾ ਡਿਲਿਵਰ ਕੀਤੀ ਗਈ ਰਿਮੋਟ ਲਰਨਿੰਗ ਪ੍ਰਾਪਤ ਕਰਨਗੇ। ਐਲੀਮੈਂਟਰੀ ਸਕੂਲ ਉਨ੍ਹਾਂ ਦੇ ਸਕੂਲ ਦੇ ਨਿਯਮਿਤ ਕਾਰਜਕ੍ਰਮ/ਟਾਈਮਟੇਬਲ ਦੀ ਪਾਲਣਾ ਕਰਨਗੇ। ਕੁਝ ਕੇਸਾਂ ਵਿੱਚ, ਛੋਟੇ ਮੋਟੇ ਫੇਰ ਬਦਲਾਂ ਦੀ ਲੋੜ ਹੋ ਸਕਦੀ ਹੈ, ਜਿੰਨ੍ਹਾਂ ਬਾਰੇ ਪਰਿਵਾਰਾਂ ਨੂੰ ਸੋਮਵਾਰ, 4 ਜਨਵਰੀ ਨੂੰ ਦੱਸਿਆ ਜਾਵੇਗਾ।

**ਵਰਚੂਅਲ ਸਕੂਲ:** ਆਮ ਵਾਂਗ ਚੱਲਣਾ ਜਾਰੀ ਰਹਿਣਗੇ।

## ਸੈਕੰਡਰੀ ਸਕੂਲ

**ਇਨ-ਪਰਸਨ ਸਕੂਲ:** ਸੈਕੰਡਰੀ ਸਕੂਲ ਐਡਜਸਟ ਕੀਤੇ ਹੋਏ ਟਾਈਮਟੇਬਲ ਦੀ ਪਾਲਣਾ ਕਰਨਗੇ:

| ਸਮਾਂ | **ਡੇ 1** | **ਡੇ 2** | **ਡੇ 3** | **ਡੇ 4** |
|---|---|---|---|---|
| **ਸਵੇਰੇ 8:45 ਵਜੇ - ਸਵੇਰੇ 10:00 ਵਜੇ** | **ਕੋਰਸ 1**<br>Synchronous (ਸਮਕਾਲੀ) | **ਕੋਰਸ 1**<br>Synchronous (ਸਮਕਾਲੀ) | **ਕੋਰਸ 2**<br>Synchronous (ਸਮਕਾਲੀ) | **ਕੋਰਸ 2**<br>Synchronous (ਸਮਕਾਲੀ) |

Toronto District School Board

| | | | | |
|---|---|---|---|---|
| **ਸਵੇਰੇ 10 ਵਜੇ - ਸਵੇਰੇ 10:30 ਵਜੇ** | **ਕੋਰਸ 1**<br><br>Asynchronous(ਗੈਰ-ਸਮਕਾਲੀ)/<br><br>Independent Learning (ਸੁਤੰਤਰ ਲਰਨਿੰਗ) | **ਕੋਰਸ 1**<br><br>Asynchronous (ਗੈਰ-ਸਮਕਾਲੀ)/<br><br>Independent Learning (ਸੁਤੰਤਰ ਲਰਨਿੰਗ) | **ਕੋਰਸ 2**<br><br>Asynchronous(ਗੈਰ-ਸਮਕਾਲੀ)/<br><br>Independent Learning (ਸੁਤੰਤਰ ਲਰਨਿੰਗ) | **ਕੋਰਸ 2**<br><br>Asynchronous(ਗੈਰ-ਸਮਕਾਲੀ)/<br><br>Independent Learning (ਸੁਤੰਤਰ ਲਰਨਿੰਗ) |
| **ਸਵੇਰੇ 10:30 ਵਜੇ - ਸਵੇਰੇ 11:45 ਵਜੇ** | **ਕੋਰਸ 1**<br><br>Synchronous (ਸਮਕਾਲੀ) | **ਕੋਰਸ 1**<br><br>Synchronous (ਸਮਕਾਲੀ) | **ਕੋਰਸ 2**<br><br>Synchronous (ਸਮਕਾਲੀ) | **ਕੋਰਸ 2**<br><br>Synchronous(ਸਮਕਾਲੀ) |
| **ਦੁਪਹਿਰ 11:45 ਵਜੇ - ਦੁਪਹਿਰ 12:30 ਵਜੇ** | **ਕੋਰਸ 1**<br><br>Asynchronous(ਗੈਰ-ਸਮਕਾਲੀ)/<br><br>Independent Learning (ਸੁਤੰਤਰ ਲਰਨਿੰਗ) | **ਕੋਰਸ 1**<br><br>Asynchronous(ਗੈਰ-ਸਮਕਾਲੀ)/<br><br>Independent Learning (ਸੁਤੰਤਰ ਲਰਨਿੰਗ) | **ਕੋਰਸ 2**<br><br>Asynchronous(ਗੈਰ-ਸਮਕਾਲੀ)/<br><br>Independent Learning (ਸੁਤੰਤਰ ਲਰਨਿੰਗ) | **ਕੋਰਸ 2**<br><br>Asynchronous(ਗੈਰ-ਸਮਕਾਲੀ)/<br><br>Independent Learning (ਸੁਤੰਤਰ ਲਰਨਿੰਗ) |
| **ਦੁਪਹਿਰ 12:30 ਵਜੇ - ਦੁਪਹਿਰ 1:10 ਵਜੇ** | ਲੰਚ | | | |
| **ਦੁਪਹਿਰ 1:10 ਵਜੇ - ਦੁਪਹਿਰ 2:00 ਵਜੇ** | APA/PMA | | | |

| ਦੁਪਹਿਰ 2:00 ਵਜੇ - ਦੁਪਹਿਰ 3:15 ਵਜੇ | ਕੋਰਸ 2<br>Synchronous (ਸਮਕਾਲੀ) | ਕੋਰਸ 2<br>Synchronous (ਸਮਕਾਲੀ) | ਕੋਰਸ 1<br>Synchronous (ਸਮਕਾਲੀ) | ਕੋਰਸ 1<br>Synchronous (ਸਮਕਾਲੀ) |
|---|---|---|---|---|

*ਨੋਟ: ਪੀਰੀਅਡ 1 ਦੀ ਕਲਾਸ ਦਾ ਸਵੇਰੇ 8:45 ਤੋਂ ਦੁਪਹਿਰ 12:30 ਵਜੇ ਤੱਕ ਚੱਲਣਾ ਜਾਰੀ ਰਹੇਗਾ, ਅਤੇ ਉਸ ਵਿੱਚ 150 ਮਿੰਟਾਂ ਦੀ synchronous (ਸਮਕਾਲੀ) /ਔਨਲਾਇਨ ਲਰਨਿੰਗ ਅਤੇ 75 ਮਿੰਟਾਂ ਦਾ asynchronous (ਗੈਰ ਸਮਕਾਲੀ)/ਸੁਤੰਤਰ ਕੰਮ ਸ਼ਾਮਲ ਹੋਵੇਗਾ। ਅਧਿਆਪਕ ਸਵੇਰੇ 8:45 ਵਜੇ synchronous (ਸਮਕਾਲੀ) ਔਨਲਾਇਨ ਲਰਨਿੰਗ ਦੇ ਨਾਲ ਸ਼ੁਰੂਆਤ ਕਰਨਗੇ। ਉੱਤੇ ਦਿੱਤੇ ਟਾਈਮਟੇਬਲ ਵਿੱਚ ਤਹਿ ਕੀਤੇ asynchronous (ਗੈਰ ਸਮਕਾਲੀ) ਸਮੇਂ ਉਦਾਹਰਣ ਹਨ ਕਿ asynchronous (ਗੈਰ ਸਮਕਾਲੀ) ਸਮਿਆਂ ਨੂੰ ਕਿਵੇਂ ਤਹਿ ਕੀਤਾ ਜਾ ਸਕਦਾ ਹੈ। ਅਧਿਆਪਕ ਇਹ ਨਿਰਧਾਰਤ ਕਰਨ ਲਈ ਪੇਸ਼ੇਵਰ ਨਿਰਣਾ ਵਰਤਣਗੇ ਕਿ synchronous (ਸਮਕਾਲੀ) ਅਤੇ asynchronous (ਗੈਰ ਸਮਕਾਲੀ) ਸਮਿਆਂ ਨੂੰ ਕਿਵੇਂ ਤਹਿ ਕੀਤਾ ਜਾਵੇ।*

**ਵਰਚੂਅਲ ਸਕੂਲ:** ਆਮ ਵਾਂਗ ਚੱਲਣਾ ਜਾਰੀ ਰਹਿਣਗੇ।

## ਏਡਵੈਂਸ (EdVance) ਅਤੇ ਅਡਲਟ ਡੇ ਸਕੂਲ

**ਇਨ-ਪਰਸਨ ਸਕੂਲ**: ਅਡਲਟ ਡੇ ਸਕੂਲ ਅਤੇ ਏਡਵੈਂਸ ਪ੍ਰੋਗਰਾਮਾਂ ਵਿਚਲੇ ਵਿਦਿਆਰਥੀ ਇਸ ਔਨਲਾਇਨ ਕਾਰਜਕ੍ਰਮ ਦੀ ਪਾਲਣਾ ਕਰਨਗੇ:

| | ਡੇ 1 | ਡੇ 2 | ਡੇ 3 | ਡੇ 4 |
|---|---|---|---|---|
| ਪੀਰੀਅਡ 1: 3 ਘੰਟੇ | 1AB Synchronous (1ਏਬੀ ਸਮਕਾਲੀ) | 1AB Synchronous (1 ਏਬੀ ਸਮਕਾਲੀ) | 2AB Synchronous (2 ਏਬੀ ਸਮਕਾਲੀ) | 2AB Synchronous (2 ਏਬੀ ਸਮਕਾਲੀ) |
| ਪੀਰੀਅਡ 2: 1 ਘੰਟਾ | 2AB Synchronous (2 ਏਬੀ ਸਮਕਾਲੀ) | 2AB Synchronous (2 ਏਬੀ ਸਮਕਾਲੀ) | 1AB Synchronous (1 ਏਬੀ ਸਮਕਾਲੀ) | 1AB Synchronous (1 ਏਬੀ ਸਮਕਾਲੀ) |
| ਪੀਰੀਅਡ 3: 2 | 3AB Synchronous | 3AB Synchronous | 3AB Synchronous | 3AB Synchronous |

| ਘੰਟੇ | (3 ਏਬੀ ਸਮਕਾਲੀ) | (3 ਏਬੀ ਸਮਕਾਲੀ) | (3 ਏਬੀ ਸਮਕਾਲੀ) | (3 ਏਬੀ ਸਮਕਾਲੀ) |
|---|---|---|---|---|

ਸ਼ੁਰੂਆਤ ਦੇ ਸਮੇਂ ਅਤੇ ਲੰਚ ਦੇ ਸਮੇਂ ਹਰੇਕ ਸਕੂਲ ਲਈ ਉਹੀ ਰਹਿਣਗੇ।

**ਵਰਚੁਅਲ ਸਕੂਲ:** ਆਮ ਵਾਂਗ ਚੱਲਣਾ ਜਾਰੀ ਰਹਿਣਗੇ।

## ਵਿਕਲਪਿਕ ਸਕੂਲ/ਪ੍ਰੋਗਰਾਮ

**ਇਨ-ਪਰਸਨ ਸਕੂਲ**: ਉਹ ਸਕੂਲ ਜਿਹੜੇ ਬੋਰਡ ਦੁਆਰਾ ਵਿਕਸਤ ਕੀਤੇ ਗਏ ਅਨੁਕੂਲ ਬਣਾਏ ਜਾ ਸਕਣ ਵਾਲੇ ਟਾਈਮਟੇਬਲ ਨਹੀਂ ਵਰਤ ਰਹੇ ਹਨ (ਵਿਕਲਪਿਕ ਸਕੂਲ-ਪ੍ਰੋਗਰਾਮ, ਕੌਨਗ੍ਰੀਗੇਟਿਡ ਸਾਈਟਾਂ, ISPs ਆਦਿ) ਸਥਾਨਕ ਤੌਰ ਤੇ ਵਿਕਸਤ ਕੀਤੇ ਗਏ ਰਿਮੋਟ ਲਰਨਿੰਗ ਕਾਰਜਕ੍ਰਮ ਲਾਗੂ ਕਰਨਗੇ।

**ਵਰਚੁਅਲ ਸਕੂਲ:** ਆਮ ਵਾਂਗ ਚੱਲਣਾ ਜਾਰੀ ਰਹਿਣਗੇ।

## ਸਪੈਸ਼ਲ ਐਜੁਕੇਸ਼ਨ ਕੌਨਗ੍ਰੀਗੇਟਿਡ ਸਾਈਟਾਂ

ਕੌਨਗ੍ਰੀਗੇਟਿਡ ਸਾਈਟਾਂ (ਹੇਠਾਂ ਸੂਚੀਬੱਧ ਕੀਤੇ ਗਏ) ਸਥਾਨਕ ਤੌਰ ਤੇ ਵਿਕਸਤ ਕੀਤੇ ਗਏ ਰਿਮੋਟ ਲਰਨਿੰਗ ਕਾਰਜਕ੍ਰਮ ਲਾਗੂ ਕਰਨਗੇ।

**ਐਲੀਮੈਂਟਰੀ ਕੌਨਗ੍ਰੀਗੇਟਿਡ ਸਾਈਟਾਂ:** ਬੇਵਰਲੀ ਸਕੂਲ (Beverly School), ਲੂਸੀ ਮਕਕੌਰਮਿਕ ਸੀਨੀਅਰ ਸਕੂਲ (Lucy McCormick Senior School), ਸੈਨੇਕਾ ਸਕੂਲ (Seneca School), ਸਨੀ ਵਿਯੂ ਜੂਨੀਅਰ ਅਤੇ ਸੀਨੀਅਰ ਪੀਐਸ (Sunny View Jr. & Sr. PS), ਪਾਰਕਲੇਨ ਪੀਐਸ (Parklane PS), ਵਿਲੀਅਮ ਜੇ. ਮਕਕੌਰਡਿਕ ਸਕੂਲ (William J. McCordic School)

**ਸੈਕੰਡਰੀ ਕੌਨਗ੍ਰੀਗੇਟਿਡ ਸਾਈਟਾਂ:** ਸੈਂਟ੍ਰਲ ਇਟੋਬੀਕੋ (Central Etobicoke), ਡਰੂਅਰੀ ਸੈਕੰਡਰੀ ਸਕੂਲ (Drewry Secondary School), ਫ੍ਰੈਂਕ ਓਹਕੇ (Frank Oke), ਮੇਪਲਵੁੱਡ ਹਾਈ ਸਕੂਲ (Maplewood High School), ਸਰ ਵਿਲੀਅਮ ਓਸਲਰ (Sir William Osler), ਯੌਰਕ ਹੰਬਰ ਐਚਐਸ (York Humber HS)

ਕਿਰਪਾ ਕਰਕੇ ਨੋਟ ਕਰੋ ਕਿ ਸਰਕਾਰ ਦੀਆਂ ਸਭ ਤੋਂ ਵੱਧ ਜੋਖਮ ਵਿੱਚ ਹੋਣ ਵਾਲੇ ਲੋਕਾਂ ਦੀ ਰੱਖਿਆ ਕਰਨ ਦੀਆਂ ਕੋਸ਼ਿਸ਼ਾਂ ਦੇ ਹਿੱਸੇ ਵਜੋਂ, ਸਕੂਲ ਬੋਰਡ, ਜਿਥੇ ਸੰਭਵ ਹੋਵੇਗਾ, ਵਿਦਿਆਰਥੀ ਲੋੜਾਂ ਦੇ ਅਧਾਰ ਤੇ, ਸਪੈਸ਼ਲ ਐਜੁਕੇਸ਼ਨ ਲੋੜਾਂ ਵਾਲੇ ਅਜਿਹੇ ਵਿਦਿਆਰਥੀਆਂ ਵਾਸਤੇ ਇਨ-ਪਰਸਨ ਸਹਾਰੇ ਮੁਹੱਈਆ ਕਰਨਗੇ ਜਿੰਨ੍ਹਾਂ ਨੂੰ ਰਿਮੋਟ ਲਰਨਿੰਗ ਦੁਆਰਾ ਸਮਾਈ ਨਹੀਂ ਕੀਤਾ ਜਾ ਸਕਦਾ। ਜੇ ਤੁਸੀਂ ਮੰਨਦੇ ਹੋ ਕਿ ਇਸ ਦੀ ਲੋੜ ਹੋ ਸਕਦੀ ਹੈ, ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਪ੍ਰਿੰਸੀਪਲ ਦੇ ਨਾਲ ਗੱਲ ਕਰੋ।

## ਚਾਇਲਡ ਕੇਅਰ/ਐਕਸਟੇਨਡਿਡ ਡੇ ਪ੍ਰੋਗਰਾਮ

ਟੀਡੀਐਸਬੀ ਸਕੂਲਾਂ ਦੇ ਅੰਦਰ ਸਥਿਤ ਨਿਆਣਿਆਂ, ਰਿੜ੍ਹਨ ਵਾਲੇ ਬੱਚਿਆਂ ਅਤੇ ਪ੍ਰੀ-ਸਕੂਲ ਉਮਰ ਦੇ ਬੱਚਿਆਂ ਦੀ ਸੇਵਾ ਕਰਨ ਵਾਲੇ ਸਾਰੇ ਚਾਇਲਡ ਕੇਅਰ ਪ੍ਰੋਗਰਾਮਾਂ ਨੂੰ ਲੌਕਡਾਉਨ ਅਵਧੀ ਦੌਰਾਨ ਖੁੱਲ੍ਹੇ ਰਹਿਣ ਦੀ ਅਨੁਮਤੀ ਹੋਵੇਗੀ, ਪਰੰਤੂ ਮਾਤਾ-ਪਿਤਾ/ਸਰਪ੍ਰਸਤਾਂ ਨੂੰ ਉਨ੍ਹਾਂ ਦੇ ਵਿਅਕਤੀਗਤ ਚਾਇਲਡ ਕੇਅਰ ਓਪਰੇਟਰ ਦੇ ਨਾਲ ਵੇਰਵਿਆਂ ਦੀ ਪੁਸ਼ਟੀ ਕਰਨੀ ਚਾਹੀਦੀ ਹੈ। ਸਕੂਲਾਂ ਦੇ ਬੰਦ ਹੋਣ ਦੌਰਾਨ, ਸਾਰੇ ਟੀਡੀਐਸਬੀ ਐਕਸਟੇਨਡਿਡ ਡੇ ਪ੍ਰੋਗਰਾਮ ਅਤੇ ਬਿਫੋਰ ਐਂਡ ਆਫਟਰ – ਸਕੂਲ ਪ੍ਰੋਗਰਾਮ ਵੀ ਬੰਦ ਹੋਣਗੇ।

## ਅਗਲੇ ਕਦਮ

ਭਾਵੇਂ ਟੀਡੀਐਸਬੀ ਨੇ ਇਸ ਸਾਲ ਵਿਦਿਆਰਥੀਆਂ ਨੂੰ 70,000 ਤੋਂ ਵੱਧ ਡਿਵਾਇਸਾਂ ਦਾ ਵਿਤਰਨ ਕੀਤਾ ਹੈ, ਅਸੀਂ ਜਾਣਦੇ ਹਾਂ ਕਿ ਕਈ ਵਿਦਿਆਰਥੀਆਂ ਨੂੰ ਅਜੇ ਵੀ ਇਸ ਰਿਮੋਟ ਲਰਨਿੰਗ ਅਵਧੀ ਲਈ ਡਿਵਾਇਸ ਦੀ ਲੋੜ ਹੋ ਸਕਦੀ ਹੈ। ਉਨ੍ਹਾਂ ਕੇਸਾਂ ਵਿੱਚ, ਪਰਿਵਾਰਾਂ ਨੂੰ ਇੱਕ ਡਿਵਾਇਸ ਦਾ ਇੰਤਜ਼ਾਮ ਕਰਨ ਲਈ ਉਨ੍ਹਾਂ ਦੇ ਸਕੂਲ ਨਾਲ ਸੰਪਰਕ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ, ਜਦੋਂ ਉਹ ਮੁੜ ਕੇ ਖੁੱਲ੍ਹਦੇ ਹਨ। ਕਿਰਪਾ ਕਰਕੇ ਨੋਟ ਕਰੋ ਕਿ ਡਿਵਾਇਸਾਂ ਉਪਲਬਧਤਾ ਦੇ ਅਧਾਰ ਤੇ ਦਿੱਤੀਆਂ ਜਾਣਗੀਆਂ ਅਤੇ ਉਨ੍ਹਾਂ ਨੂੰ ਵੰਡਣ ਵਿੱਚ ਸਮਾਂ ਲਗ ਸਕਦਾ ਹੈ।

ਅੱਜ ਦੀ ਖਬਰ ਅਜਿਹੇ ਸਮੇਂ ਤੇ ਆ ਰਹੀ ਹੈ ਜਦੋਂ ਸਾਰੇ ਸਕੂਲ ਸਰਦੀਆਂ ਦੀ ਬ੍ਰੇਕ ਤੇ ਹਨ, ਜਿਹੜਾ ਇੱਕ ਚੁਣੌਤੀ ਪੇਸ਼ ਕਰਦਾ ਹੈ ਕਿਉਂਕਿ ਮੈਂ ਜਾਣਦੀ ਹਾਂ ਕਿ ਤੁਹਾਡੇ ਵਿੱਚੋਂ ਅਨੇਕ ਲੋਕਾਂ ਦੇ ਅਗਲੇ ਕਦਮਾਂ ਬਾਰੇ ਸਵਾਲ ਹੋ ਸਕਦੇ ਹਨ। ਇਨ-ਪਰਸਨ ਸਕੂਲਾਂ ਵਾਸਤੇ, ਅਧਿਆਪਕ 4 ਜਨਵਰੀ ਨੂੰ ਹੋਰ ਜਾਣਕਰੀ ਦੇਣ ਅਤੇ, ਜਿਸ ਦੀ ਰਿਮੋਟ ਲਰਨਿੰਗ ਤੇ ਸ਼ਿਫਟ ਹੋਣ ਦੀ ਮੁਕਾਬਲਤਨ ਤੇਜ਼ ਪ੍ਰਕਿਰਿਆ ਹੋਣ ਦੀ ਉਮੀਦ ਕੀਤੀ ਜਾਂਦੀ ਹੈ, ਦੀ ਸ਼ੁਰੂਆਤ ਕਰਨ ਲਈ ਵਿਦਿਆਰਥੀਆਂ ਅਤੇ ਪਰਿਵਾਰਾਂ ਨਾਲ ਜੁੜਨਗੇ। ਵਰਚੂਅਲ ਲਰਨਿੰਗ ਵਿਚਲੇ ਵਿਦਿਆਰਥੀਆਂ ਵਾਸਤੇ, 4 ਜਨਵਰੀ ਨੂੰ ਲਰਨਿੰਗ ਆਮ ਵਾਂਗ ਜਾਰੀ ਰਹੇਗੀ।

ਜਦਕਿ ਅਚਾਨਕ ਨਹੀਂ, ਮੈਂ ਜਾਣਦੀ ਹਾਂ ਕਿ ਇਹ ਖਬਰ ਅਨੇਕ ਲੋਕਾਂ ਲਈ ਮੁਸ਼ਕਲ ਹੋਵੇਗੀ। ਮੈਂ ਤੁਹਾਨੂੰ ਭਰੋਸਾ ਦੁਆਉਣਾ ਚਾਹੁੰਦੀ ਹਾਂ ਕਿ ਪਿਛਲੇ 9 ਮਹੀਨਿਆਂ ਵਿੱਚ ਅਸੀਂ ਰਿਮੋਟ ਲਰਨਿੰਗ ਬਾਰੇ ਬਹੁਤ ਕੁਝ ਸਿੱਖਿਆ ਹੈ ਅਤੇ ਜਦਕਿ ਅਜੇ ਵੀ ਅਗੇ ਚੁਣੌਤੀਆਂ ਹੋ ਸਕਦੀਆਂ ਹਨ, ਅਸੀਂ ਤਬਦੀਲੀ ਦੇ ਨਿਰਵਿਘਨ ਹੋਣ ਨੂੰ ਜਿੰਨ੍ਹਾਂ ਸੰਭਵ ਹੋਵੇ ਯਕੀਨੀ ਬਣਾਉਣ ਲਈ ਆਪਣੇ ਵਿਦਿਆਰਥੀਆਂ ਅਤੇ ਪਰਿਵਾਰਾਂ ਦੀ ਸਹਾਇਤਾ ਕਰਾਂਗੇ।

ਦਿਲੋਂ,

K. Witherow

ਕੈਥੀ ਵਿਦਰੋ (Kathy Witherow)
ਅੰਤਰਿਮ ਡਾਇਰੈਕਟਰ ਔਫ ਐਜੂਕੇਸ਼ਨ (Interim Director of Education)